# ਇੱਕ ਮਨੋਰੋਗੀ ਸੰਪਾਦਕ ਅਤੇ ਪੁਜਾਰੀਵਾਦ

**ਤਰਦੀਪ ਸਿੰਘ**

ਜਦੋਂ ਦਾ ਹਾਉਮੈਗ੍ਰਸਤ ਸੌਦਾ ਸੰਪਾਦਕ ਨੂੰ ਇਸ ਦੀਆਂ ਪੰਥ ਦੋਖੀ ਕਾਰਵਾਈਆਂ ਕਰਕੇ ਪੰਥ ਵਿਚੋਂ ਛੇਕਿਆ ਹੈ ਉਦੋਂ ਦਾ ਇਸ ਨੂੰ ਗੁਰੂ ਸਾਹਿਬ ਤੋਂ ਵਰੋਸਾਇਆ ਮੀਰੀ-ਪੀਰੀ ਦਾ ਵਿਲੱਖਣ ਸਿਧਾਂਤ ਅਤੇ ਇਸ ਦਾ ਜਾਮਨ ਸ੍ਰੀ ਅਕਾਲ ਤਖਤ ਸਾਹਿਬ ਕੰਡੇ ਵਾਂਗ ਅੱਖਾਂ ਵਿਚ ਰੜਕਣ ਲੱਗ ਪਿਆ ਹੈ। ਕਦੇ ਇਹ ਇਸ ਵਿਲੱਖਣਤਾ ਨੂੰ ਈਸਾਈਆਂ ਦੇ ਪੌਪ ਵਾਂਗ ਅਤੇ ਮੁਸਲਮਾਨਾਂ ਦੇ ਖਲੀਫੇ ਵਾਂਗ ਰੱਦ ਕਰ ਦੇਣ ਦੀਆਂ ਸਲਾਹਾਂ ਦਿੰਦਾ ਹੈ। ਕਦੇ ਇਹ ਸੰਪਾਦਕ ਅਤੇ ਇਸ ਵਲੋਂ ਪੈਦਾ ਕੀਤੇ ਨੀਮ ਨਾਸਤਿਕ ਵਿਦਵਾਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਗੁਰੂ ਤੋਂ ਨਾ ਵਰੋਸਾਇਆ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਂਦੇ ਹਨ। ਫਿਰ ਇਨ੍ਹਾਂ ਅਖੌਤੀ ਵਿਦਵਾਨਾਂ ਵਲੋਂ ਜਥੇਦਾਰ ਸਾਹਿਬ ਦਾ ਅਹੁਦਾ ਅੰਗਰੇਜ਼ਾਂ ਵਲੋਂ ਅਤੇ ਇਸ ਸੰਪਾਦਕ ਵਲੋਂ ਹਾਸੇ ਠੱਠੇ ਵਿਚੋਂ ਹੀ ਪੈਦਾ ਹੋਣ ਦਾ ਸ਼ੋਸ਼ਾ ਛੱਡਿਆ ਜਾਂਦਾ ਹੈ।ਜੇ ਹੋਰ ਵੱਸ ਨਾ ਚਲੇ ਤਾਂ ਇਨ੍ਹਾਂ ਅਖੌਤੀ ਭਲੇਮਾਣਸਾਂ ਵਲੋਂ ਆਪਣੇ ਵਲੋਂ ਕਈ ਵਾਰੀ ਰੱਦ ਕੀਤੀ ਜਾ ਚੁੱਕੀ ਪੰਥਕ ਰਹਿਤ ਮਰਿਆਦਾ ਦਾ ਉਹਲਾ ਜਥੇਦਾਰ ਸਾਹਿਬ ਦੇ ਅਹੁਦੇ ਨੂੰ ਚੁਣੌਤੀ ਦੇਣ ਲਈ ਵਰਤਿਆ ਜਾਂਦਾ ਹੈ।

ਹੁਣ ੨੦ ਜਨਵਰੀ ਅਤੇ ੨੧ ਜਨਵਰੀ ੨੦੧੨ ਨੂੰ ਆਪਣੀ ਸਿੱਖ ਧਰਮ ਦੇ ਫਲਾਸਫੇ ਤੋਂ ਅਣਜਾਣ ਕੰਗਾਲ ਬੁੱਧੀ ਰਾਹੀਂ ਇਸ ਸੰਪਾਦਕ ਨੇ ਆਪਣੀ ਵਿਦਵਤਾ ਦਾ ਜਨਾਜਾ ਕੱਢਿਆ ਹੈ।੨੦ ਜਨਵਰੀ ਵਾਲੀ ਪਹਿਲੀ ਸੰਪਾਦਕੀ ਵਿਚ ਸ੍ਰੀ ਅਕਾਲ ਤਖਤ ਸਾਹਿਬ, ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਸਰਬਉਚ ਕਿਵੇਂ ਹੈ, ਬਾਰੇ ਸਵਾਲ ਖੜ੍ਹਾ ਕੀਤਾ ਹੈ।ਇਸ ਸਵਾਲ ਦਾ ਜਵਾਬ ਤਾਂ ਬਾਅਦ ਵਿਚ ਦੇਵਾਂਗੇ ਪਰ ਪਹਿਲਾਂ ਸੜਕ ਛਾਪ ਆਪੂੰ ਬਣੇ ਧਾਰਮਿਕ ਸਲਾਹਕਾਰ ਇਸ ਸੰਪਾਦਕ ਦੀ ਬਾਣੀਆ ਬਿਰਤੀ ਨੇ ਜਿਹੜੇ ਝੂਠ ਇਸ ਪਹਿਲੀ ਕਿਸ਼ਤ ਵਿਚ ਲਿਖੇ ਹਨ ਉਹ ਪਾਠਕਾਂ ਨਾਲ ਸਾਂਝੇ ਕੀਤੇ ਜਾਂਦੇ ਹਨ।

ਆਪਣੀ ਅਕਲ ਦਾ ਜਨਾਜਾ ਕੱਢਦਿਆਂ ਇਹ ਸੰਪਾਦਕ ਤਿੰਨ ਫਲਾਸਫੇ ਪੇਸ਼ ਕਰਦਾ ਹੈ।ਪਹਿਲੇ ਫਲਾਸਫੇ ਵਿਚ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਕਿਤਾਬ ਦਾ ਹਵਾਲਾ ਦੇ ਕੇ ਲਿਖਦਾ ਹੈ ਕਿ ਗੁਰੂ ਅਰਜਨ ਸਾਹਿਬ ਜੀ ਨੇ ਵਿਸ਼ਨੂੰ ਦੇਵਤੇ ਦੇ ਕਹਿਣ ’ਤੇ ਕੋਠਾ ਸਾਹਿਬ ਆਦਿ ਗ੍ਰੰਥ ਦੇ ਪ੍ਰਕਾਸ਼ ਲਈ ਅਤੇ ਅਕਾਲ ਬੂੰਗਾ ਆਪਣੇ ਰਹਿਣ ਲਈ ਬਣਵਾਇਆ ਜਦਕਿ ਅਸਲੀਅਤ ਇਹ ਹੈ ਕਿ ਕੋਠਾ ਸਾਹਿਬ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਰਾਤਰੀ ਬਸੇਰਾ ਸੀ ਅਤੇ ਜਦੋਂ ਆਦਿ ਗ੍ਰੰਥ ਸਾਹਿਬ ਜੀ ਦਾ ਪਹਿਲੀ ਵਾਰੀ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਦੇ ਅੰਦਰ ੧ ਸਤੰਬਰ ੧੬੦੪ ਨੂੰ ਹੋਇਆ ਤਾਂ ਰਾਤ ਨੂੰ ਸੁੱਖ ਆਸਣ ਤੋਂ ਬਾਅਦ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਕੋਠਾ ਸਾਹਿਬ ਵਿਚ ਬਿਰਾਜਿਆ ਗਿਆ ਅਤੇ ਗੁਰੂ ਸਾਹਿਬ ਨੇ ਆਪ ਧੁਰ ਕੀ ਬਾਣੀ ਦੇ ਸਤਿਕਾਰ ਨੂੰ ਸਾਹਮਣੇ ਰੱਖਦਿਆਂ ਲਾਗੇ ਹੀ ਜ਼ਮੀਨ ’ਤੇ ਆਸਣ ਬਿਛਾਕੇ ਸੌਣਾ ਸ਼ੁਰੂ ਕਰ ਦਿੱਤਾ। ਜਦਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਥੜ੍ਹੇ ਰੂਪ ਵਿਚ ਉਸਾਰੀ ਕੋਠਾ ਸਾਹਿਬ ਦੇ ਲਾਗੇ ਹੀ ਛੇਵੇਂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਸਾਹਿਬ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਆਪਣੇ ਹੱਥੀਂ ਕੀਤੀ। ਅਕਾਲ ਬੂੰਗੇ ਨੇ ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਇਮਾਰਤ ਦਾ ਰੂਪ ਧਾਰਿਆ। ਹੁਣ ਐਡਾ ਵੱਡਾ ਇਤਿਹਾਸਕ ਝੂਠ ਲਿਖਣਾ ਅਤੇ ਪ੍ਰਚਾਰਨਾ ਸਿਰਫ਼ ਤੇ ਸਿਰਫ਼ ਕੋਈ ਬਿਪਰਵਾਦੀ ਸੋਚ ਦਾ ਧਾਰਨੀ ਹੀ ਕਰ ਸਕਦਾ ਹੈ। ਨਾਂ ਵੀ ਉਸ ਕਿਤਾਬ ਦਾ ਵਰਤਿਆ ਜਿਸ ਦੀ ਭੂਮਿਕਾ ਵਿਚ ਹੀ ਵਿਸਥਾਰ ਸਹਿਤ ਇਹ ਲਿਖਿਆ ਹੋਇਆ ਹੈ ਕਿ ਇਸ ਕਿਤਾਬ ਵਿਚ ਕਈ ਗੱਲਾਂ ਸਿੱਖ ਰਵਾਇਤਾਂ ਨਾਲ ਮੇਲ ਨਹੀਂ ਖਾਂਦੀਆਂ। ਜਿਵੇਂ ਕਹਾਵਤ ਹੈ ਕਿ ਚੋਰ ਚੋਰ ਮਸੇਰੇ ਭਾਈ। ਇਥੇ ਅਸੀਂ ਕਹਿ ਸਕਦੇ ਹਾਂ ਬਿਪਰ-ਬਿਪਰ ਮਸੇਰੇ ਭਾਈ।

ਆਪਣੀ ਪੰਥ ਦੋਖੀ ਪ੍ਰਿਵਰਤੀ ਅਨੁਸਾਰ ਇਹ ਸੰਪਾਦਕ ਦੂਸਰਾ ਫਲਾਸਫਾ ਪੇਸ਼ ਕਰਦਿਆਂ ਲਿਖਦਾ ਹੈ ਕਿ “ਦੂਸਰਾ ਫਲਾਸਫਾ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਖਾਲਸੇ ਨੇ ਇਸ ਸਥਾਨ ਨੂੰ ਦਿੱਤਾ ਅਤੇ ਇਹ ਫਲਾਸਫਾ ਆਧੁਨਿਕ ਯੁੱਗ ਦਾ ਫਲਾਸਫਾ ਹੈ ਅਤੇ ਇਸ ਸਥਾਨ ’ਤੇ ਹੋਏ ਗੁਰਮਤੇ ਦਾ ਐਲਾਨ ਹੀ ਸਾਂਝਾ ਆਗੂ ਕਰਦਾ ਸੀ।”

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਖਾਲਸੇ ਵਲੋਂ ਫਲਾਸਫਾ ਪੇਸ਼ ਕਰਨ ਦਾ ਮਤਲਬ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤੇ ਅਤੇ ਮੀਰੀ ਪੀਰੀ ਸਬੰਧੀ ਕੋਈ ਸੇਧ ਨਹੀਂ ਦਿੱਤੀ ਜਦਕਿ ਖਾਲਸੇ ਦੀ ਸਿਰਜਨਾ ਹੀ ਦਸਵੇਂ ਪਾਤਸ਼ਾਹ ਨੇ ਕੀਤੀ ਹੈ।

ਅਸਲ ਵਿਚ ਪੰਥ ਦੋਖੀ ਸੰਪਾਦਕ ਇਹੀ ਤਾਂ ਸਾਬਤ ਕਰਨਾ ਚਾਹੁੰਦਾ ਹੈ ਕਿ ਅਕਾਲ ਤਖਤ ਸਾਹਿਬ ਅਤੇ ਮੀਰੀ-ਪੀਰੀ ਦਾ ਸਿਧਾਂਤ ਗੁਰੂ ਵਰੋਸਾਈ ਇਤਿਹਾਸਕ ਪ੍ਰੰਪਰਾ ਨਹੀਂ ਹੈ ਇਹ ਤਾਂ ਐਵੇਂ ਹੀ ਸਿੱਖਾਂ ਨੇ ਲੋੜ ਜਾਂ ਹਾਲਾਤ ਅਨੁਸਾਰ ਬਣਾ ਲਿਆ ਸੀ।

ਇਸ ਤਰ੍ਹਾਂ ਕਰਕੇ ਇਹ ਸੰਪਾਦਕ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡਨਾ ਚਾਹੁੰਦਾ ਹੈ। ਇਕ ਤਾਂ ਅਕਾਲ ਤਖਤ ਸਾਹਿਬ ਅਤੇ ਮੀਰੀ-ਪੀਰੀ ਸਿਧਾਂਤ ਦੀ ਇਤਿਹਾਸਕਤਾ ਰੱਦ ਕਰਨਾ, ਦੂਸਰਾ ਸਿੱਖ ਪੰਥ ਨੂੰ ਕਿਸੇ ਵੀ ਮੌਕੇ ਮਤਭੇਦ ਹੋਣ ਦੇ ਬਾਵਜੂਦ

ਇਕੱਠਿਆਂ ਹੋਣ ਤੋਂ ਰੋਕਿਆ ਜਾ ਸਕੇ, ਤੀਸਰਾ ਸਭ ਤੋਂ ਮਹੱਤਵਪੂਰਨ ਇਸ ਸਿਧਾਂਤ ਦੇ ਗੁਰੂ ਸਾਹਿਬ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਨੂੰ ਰੱਦ ਕਰਕੇ ਸਿੱਖ ਮਨਾਂ ਵਿਚੋਂ ਅਕਾਲ ਤਖਤ ਸਾਹਿਬ ਦੇ ਨਿਰਮਲ ਭਉ ਨੂੰ ਖਤਮ ਕਰਨਾ ਹੈ। ਫਿਰ ਇਹ ਆਧੁਨਿਕੀ ਯੁੱਗ ਦਾ ਕਲਯੁੱਗੀ ਸੰਪਾਦਕ ਲਿਖਦਾ ਹੈ ਕਿ ਇਹ ਆਧੁਨਿਕ ਯੁੱਗ ਦਾ ਫਲਾਸਫਾ ਹੈ। ਮਤਲਬ ਕਿ ਜੇਕਰ ਇਹ ਆਧੁਨਿਕ ਯੁੱਗ ਵਿਚ ਚਲ ਰਹੇ ਲੋਕਰਾਜੀ ਸਿਧਾਂਤਾਂ ਦੇ ਮਿਆਰ ਉਪਰ ਪੂਰਾ ਨਾ ਉਤਰਦਾ ਤਾਂ ਇਹ ਰੱਦ ਕਰਨ ਯੋਗ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮੰਨ ਲਓ ਦੁਨੀਆ ਵਿਚ ਜੇਕਰ ਲੋਕਰਾਜ ਦੀ ਥਾਂ ਸਮਾਜਵਾਦ ਭਾਵ ਕਾਮਰੇਡੀ ਵਿਚਾਰਧਾਰਾ ਜ਼ਿਆਦਾ ਪ੍ਰਚਲਤ ਹੁੰਦੀ ਤਾਂ ਫਿਰ ਇਹ ਸੰਪਾਦਕ ਕੀ ਲਿਖਦਾ? ਸਮਝਣ ਵਾਲੀ ਗੱਲ ਇਹ ਹੈ ਕਿ ਜੇਕਰ ਕੋਈ ਸਿੱਖ ਸਿਧਾਂਤ ਆਧੁਨਿਕ ਪ੍ਰਚਲਤ ਮਾਪਦੰਡਾਂ 'ਤੇ ਪੂਰਾ ਨਹੀਂ ਉਤਰੇਗਾ ਤਾਂ ਕੀ ਫਿਰ ਉਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ? ਭਾਵ ਕਿ ਗੁਰੂ ਸਾਹਿਬ ਨਾਲੋਂ ਆਧੁਨਿਕ ਵਿਚਾਰਧਾਰਕ ਆਦਮੀ ਉਚੇ ਹਨ। ਇਸੇ ਸੋਚ ਕਰਕੇ ਹੀ ਇਹ ਸੰਪਾਦਕ ਅਤੇ ਇਸ ਦੇ ਨੀਮ ਨਾਸਤਿਕ ਚਾਟੜਿਆਂ ਨੂੰ ਸਿੱਖ ਸਿਧਾਂਤ ਸਮਝ ਨਹੀਂ ਪੈਂਦੇ ਕਿਉਂਕਿ ਇਨ੍ਹਾਂ ਨੇ ਧਰਮ ਦੇ ਸਿਰਫ ਮਖੌਟੇ ਪਾਏ ਹੋਏ ਹਨ। ਅਸਲੀਅਤ ਵਿਚ ਇਹ ਨੀਮ ਨਾਸਤਿਕ ਲੋਕ ਕਾਮਰੇਡੀ ਵਿਚਾਰਧਾਰਾ ਦੇ ਪੈਰੋਕਾਰ ਹਨ।

ਇਸ ਸੰਪਾਦਕ ਦੀ ਤੀਜੀ ਸ਼ੁਰਲੀ ਦਾ ਜਵਾਬ ਪੰਥਕ ਰਹਿਤ ਮਰਿਆਦਾ ਵਿਚ ਹੈ ਜਿਸ ਰਹਿਤ ਮਰਿਆਦਾ ਦੇ ਦੋਖੀ ਹੋਣ ਦੇ ਬਾਵਜੂਦ ਇਹ ਸੰਪਾਦਕ ਅਤੇ ਨੀਮ ਨਾਸਤਿਕ ਮਿਸ਼ਨਰੀਏ ਬਾਕੀ ਪੰਥਕ ਧਿਰਾਂ ਨੂੰ ਪੰਥਕ ਰਹਿਤ ਮਰਿਆਦਾ ਦੇ ਵਿਰੋਧੀ ਗਰਦਾਨਦੇ ਹਨ। ਸ਼੍ਰੋਮਣੀ ਕਮੇਟੀ ਵਲੋਂ ਛਾਪੀ ਪੰਥਕ ਰਹਿਤ ਮਰਿਆਦਾ ਵਿਚ ਪੰਥਕ ਰਹਿਣੀ ਦੇ ਸਿਰਲੇਖ ਹੇਠ ਚੌਥੀ ਮਦ ਹੈ ਗੁਰਮਤਾ ਕਰਨ ਦੀ ਵਿਧੀ। ਇਸ ਦੇ ੳ ਭਾਗ ਵਿਚ ਜਿਹੜੀਆਂ ਗੱਲਾਂ ਉਪਰ ਗੁਰਮਤਾ ਹੋ ਸਕਦਾ ਹੈ ਉਹ ਦੱਸਿਆ ਗਿਆ ਹੈ। ਇਸ ਦੇ ਅ ਭਾਗ ਵਿਚ ਸਪਸ਼ਟ ਲਿਖਿਆ ਹੈ ਕਿ "ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਸ਼੍ਰੋਮਣੀ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।"

ਅਜੋਕੇ ਸਮੇਂ ਵਿਚ ਗੁਰੂ ਪੰਥ ਦਾ ਚੁਣਿਆ ਹੋਇਆ ਜਥਾ ਸ਼੍ਰੋਮਣੀ ਕਮੇਟੀ ਹੈ ਅਤੇ ਉਸ ਵਲੋਂ ਹੀ ਜਥੇਦਾਰ ਦੀ ਨਿਯੁਕਤੀ ਕੀਤੀ ਜਾਂਦੀ ਹੈ। ਜਥੇਦਾਰ ਸਾਹਿਬ ਨੂੰ ੳ ਮਦ ਵਿਚ ਦਰਜ ਸਵਾਲਾਂ 'ਤੇ ਗੁਰਮਤਾ ਕਰਨ ਅਤੇ ਬਾਕੀ ਸਵਾਲਾਂ ਬਾਰੇ ਮਤਾ ਕਰਨ ਦਾ ਪੰਥਕ ਰਹਿਤ ਮਰਿਆਦਾ ਅਨੁਸਾਰ ਪੂਰਾ ਅਧਿਕਾਰ ਪ੍ਰਾਪਤ ਹੈ।

ਬਾਕੀ ਆਧੁਨਿਕ ਵਿਚਾਰਧਾਰਾ ਦੇ ਪ੍ਰਵਾਨੇ ਇਸ ਸੰਪਾਦਕ ਨੂੰ ਦੱਸ ਦੇਈਏ ਕਿ ਉਸਨੂੰ ਪੰਥ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਵਲੋਂ ੧੮ਵੀਂ ਸਦੀ ਦੇ ਹਾਲਾਤਾਂ ਬਾਰੇ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਕਿ ਉਸ ਦੀ ਇਤਿਹਾਸ ਬਾਰੇ ਜਾਣਕਾਰੀ ਵਿਚ ਵਾਧਾ ਹੋ ਸਕੇ।

ਇਸੇ ਲੜੀ ਵਿਚ ਇਹ ਸੰਪਾਦਕ ਅੱਗੇ ਲਿਖਦਾ ਹੈ ਕਿ ਕਈ ਨੇਤਾ ਸੌਦਾ ਸਾਧ ਦੇ ਡੇਰੇ ਹੋ ਆਏ ਹਨ ਪ੍ਰੰਤੂ ਪੁਜਾਰੀਆਂ ਨੇ ਕੋਈ ਕਾਰਵਾਈ ਨਹੀਂ ਕੀਤੀ। ਜਦਕਿ ਹੁਣ ੫ ਜਨਵਰੀ ਦੀਆਂ ਖ਼ਬਰਾਂ ਮੁਤਾਬਕ ਪ੍ਰਨੀਤ ਕੌਰ ਅਤੇ ਉਨ੍ਹਾਂ ਦਾ ਬੇਟਾ ਰਣਇੰਦਰ ਸਿੰਘ ਵੀ ਸੌਦਾ ਸਾਧ ਦਾ ਅਸ਼ੀਰਵਾਦ ਲੈ ਆਏ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਸੱਚ ਖੰਡ ਬੱਲਾਂ ਜਲੰਧਰ ਦੇ ਬਾਬੇ ਦਾ ਅਸ਼ੀਰਵਾਦ ਲੈ ਆਇਆ ਹੈ। ਪ੍ਰੰਤੂ ਹੁਣ ਇਸ ਸੰਪਾਦਕ ਦੀ ਕਲਮ ਨੂੰ ਸੱਪ ਸੁੰਘ ਗਿਆ ਹੈ। ਅਸਲੀਅਤ ਇਹ ਹੈ ਕਿ ਇਸ ਸੰਪਾਦਕ ਨੇ ਤਰਲੇ ਕੱਢ ਕੇ ਕੈਪਟਨ ਸਾਹਿਬ ਨੂੰ ਆਪਣੀ ਪ੍ਰੈਸ ਵਿਚ ਬੁਲਾਇਆ ਅਤੇ ਖ਼ਬਰ ਛਾਪੀ ਕਿ ਕੈਪਟਨ ਸਾਹਿਬ ਸੰਪਾਦਕ ਦਾ ਹਾਲ-ਚਾਲ ਪੁੱਛਣ ਆਏ ਸਨ।

ਇਸ ਸੰਪਾਦਕ ਨੂੰ ਬੰਦਾ ਸਮਝਾਏ ਕਿ ਭਾਈ ਝੂਠ ਵੀ ਅਕਲ ਨਾਲ ਮਾਰਿਆ ਕਰ। ਤੇਰੇ ਦਿਲ ਦੇ ਅਪ੍ਰੇਸ਼ਨ ਹੋਏ ਨੂੰ ਵੀ ਕਈ ਦਿਨ ਹੋ ਗਏ ਸਨ ਅਤੇ ਦੂਸਰਾ ਚੋਣਾਂ ਤੋਂ ਪਹਿਲਾਂ ਕੈਪਟਨ ਸਾਹਿਬ ਕੋਲ ਜ਼ਿਆਦਾ ਸਮਾਂ ਸੀ। ਉਦੋਂ ਤਾਂ ਉਨ੍ਹਾਂ ਨੂੰ ਸੰਪਾਦਕ ਦਾ ਚੇਤਾ ਨਾ ਆਇਆ। ਅਸਲੀਅਤ ਇਹ ਹੈ ਕਿ ਇਸ ਸੰਪਾਦਕ ਨੇ ਤਰਲੇ ਮਾਰ ਕੇ ਕੈਪਟਨ ਸਾਹਿਬ ਨੂੰ ਆਪਣੇ ਦਫ਼ਤਰ ਬੁਲਾਇਆ ਅਤੇ ਭਰੋਸਾ ਦਿਵਾਇਆ ਕਿ ਮੈਂ ਆਪ ਜੀ ਦੀ ਪੂਰੀ ਸੇਵਾ ਕਰਾਂਗਾ। ਬੱਸ ਆਪ ਜੀ ਨੇ ਆਪਣੀ ਸਰਕਾਰ ਬਣਨ ਤੋਂ ਬਾਅਦ ਆਪਣੀ ਪਿਛਲੀ ਸਰਕਾਰ ਵਾਂਗ ਹੀ ਇਸ਼ਤਿਹਾਰਾਂ ਰੂਪੀ ਕਿਰਪਾ ਰੱਖਣੀ। ਪਿਛਲੀ ਕਾਂਗਰਸ ਸਰਕਾਰ ਵੇਲੇ ਵੀ ਇਹ ਸੰਪਾਦਕ ਮੋਟੀ ਕਮਾਈ ਇਸ਼ਤਿਹਾਰਾਂ ਦੇ ਰੂਪ ਵਿਚ ਕਰਦਾ ਰਿਹਾ ਹੈ। ਗੁਰਨਾਮ ਸਿੰਘ ਅਕੀਦਾ ਵਲੋਂ ਲਿਖਤ ਕਿਤਾਬ 'ਪੱਤਰਕਾਰ ਦੀ ਮੌਤ' ਵਿਚ ਇਸ ਸਬੰਧੀ ਵਿਸਥਾਰ ਨਾਲ ਪੜ੍ਹਿਆ ਜਾ ਸਕਦਾ ਹੈ। ਕੈਪਟਨ ਦੀ ਸਰਕਾਰ ਹਾਰਨ ਤੋਂ ਬਾਅਦ ਕੁਝ ਸਰਕਾਰੀ ਜਾਂ ਕਾਂਗਰਸ ਦੇ ਕੁਝ ਇਸ਼ਤਿਹਾਰਾਂ ਦੇ ਪੈਸੇ ਨਾ ਮਿਲਣ ਕਰਕੇ ਇਸ ਸੰਪਾਦਕ ਨੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਵੀ ਛਾਪਣੇ ਬੰਦ ਕਰ ਦਿੱਤੇ ਸਨ। ਹੁਣ ਆਪਣੀ ਗਲਤੀ ਨੂੰ ਸੁਧਾਰਦਿਆਂ ਹੋਇਆਂ ਕੈਪਟਨ ਸਾਹਿਬ ਦੇ ਫੇਰੇ ਤੋਂ ਬਾਅਦ ਇਹ ਸੰਪਾਦਕ ਜੀ ਆਪਣੀ ਭਗਤੀ ਅਤੇ ਸਮਰਪਿਤਾ ਕੈਪਟਨ ਸਾਹਿਬ ਪ੍ਰਤੀ ਪ੍ਰਗਟ ਕਰਨ ਲਈ ਪੂਰਾ ਜ਼ੋਰ ਲਗਾ ਰਹੇ ਹਨ ਅਤੇ ਸਿਰਫ਼ ਤੇ ਸਿਰਫ਼ ਕਾਂਗਰਸੀ ਆਗੂਆਂ ਦੀਆਂ ਹੀ ਇੰਟਰਵਿਊਆਂ ਛਾਪੀਆਂ ਜਾ ਰਹੀਆਂ ਹਨ ਅਤੇ ਅਖਬਾਰ ਦੇ ਦੋ ਤੋਂ ਤਿੰਨ ਸਫ਼ੇ ਸਿਰਫ਼ ਤੇ ਸਿਰਫ਼ ਕਾਂਗਰਸੀ ਖ਼ਬਰਾਂ ਨਾਲ ਹੀ ਭਰੇ ਹੁੰਦੇ ਹਨ। ਸੰਪਾਦਕੀਆਂ ਲਿਖ-ਲਿਖ ਕੇ ਵੀ ਕਾਂਗਰਸ ਨੂੰ ਹੀ ਵਧੀਆ ਪਾਰਟੀ ਅਤੇ ਲੋਕਾਂ ਨੂੰ ਉਸ ਦੇ ਹੱਕ ਵਿਚ ਭੁਗਤਾਉਣ ਲਈ ਇਹ ਸੰਪਾਦਕ ਜੀ ਵਲੋਂ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ।

ਦੂਜਿਆਂ ਨੂੰ ਵਿਕਾਊ ਕਲਮਾਂ ਦੇ ਖਿਤਾਬ ਦੇਣ ਵਾਲਾ ਇਹ ਸੰਪਾਦਕ ਹੁਣ ਤਾਂ ਸ਼ਰੇਆਮ ਹੀ ਵਿਕਾਊ ਪ੍ਰਤੀਤ ਹੁੰਦਾ ਹੈ। ਇਸ ਲਈ ਕਿਸੇ ਨੂੰ ਪੁੱਛਣ ਦੀ ਵੀ ਲੋੜ ਨਹੀਂ ਉਸ ਦੀ ਆਪਣੀ ਅਖ਼ਬਾਰ ਦੀਆਂ ਖ਼ਬਰਾਂ ਅਤੇ ਸੰਪਾਦਕੀਆਂ ਹੀ ਗਵਾਹ ਹਨ।

ਹੁਣ ਆਈਏ ਇਸ ਸੰਪਾਦਕ ਦੀ ੨੧ ਜਨਵਰੀ ੨੦੧੨ ਦੀ ਦੂਜੀ ਕਿਸ਼ਤ ਉਪਰ ਜਿਸ ਵਿਚ ਆਪਣੀਆਂ ਪਹਿਲੀਆਂ ਕੋਝੀਆਂ ਫਿਲਾਸਫੀ ਦੁਹਰਾਕੇ ਸਰਬੱਤ ਖ਼ਾਲਸਾ ਨੂੰ ਸਭ ਤੋਂ ਵਧੀਆ ਸਿਧਾਂਤ ਪ੍ਰਚਾਰਦਾ ਹੈ ਪਰ ਇਹ ਸਰਬੱਤ ਖ਼ਾਲਸਾ ਦੀ ਬਣਤਰ ਸਮੇਤ ਉਸ ਨਾਲ ਜੁੜੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੰਦਾ। ਸ਼ਾਇਦ ਏਨੀ ਅਕਲ ਦਾ ਮਾਲਕ ਉਹ ਨਹੀਂ ਹੈ। ਪਿਛਲੀ ਕਿਸ਼ਤ ਵਿਚ ਇਤਿਹਾਸ ਦੀ ਕੀਤੀ ਕੜੀ ਪੜ੍ਹ ਕੇ ਤਾਂ ਇਉਂ ਹੀ ਲਗਦਾ ਹੈ। ਫਿਰ ਆਪਣੀ ਪੰਥ ਦੋਖੀ ਕਲਮ ਜਾਰੀ ਰੱਖਦਿਆਂ ਅਰਦਾਸ 'ਤੇ ਹਮਲਾ ਕਰਦਾ ਹੈ ਆਪਣੇ ਕਾਂ ਸਿਆਪਣਤਾ ਨਾਲ ਭਗੌਤੀ ਦੇ ਅਰਥ, ਦੁਰਗਾ ਧੱਕੇ ਨਾਲ ਹੀ ਮਨਾਉਣ ਦੇ ਯਤਨ ਕਰਦਾ ਹੈ। ਜਦਕਿ ਹਿੰਦੂ ਧਰਮ ਦੇ ਗ੍ਰੰਥਾਂ ਅਨੁਸਾਰ ਭਗੌਤੀ ਕਿਸੇ ਦੇਵੀ ਦਾ ਨਾਂ ਨਹੀਂ ਹੈ।

ਆਪਣੀ ਕਲਮ ਘੜੀਸੀ ਅੱਗੇ ਤੋਰਦਿਆਂ ਪ੍ਰੋ. ਦਰਸ਼ਨ ਸਿੰਘ ਦੇ ਕੇਸ ਦੀ ਉਦਾਹਰਣ ਦਿੰਦਿਆਂ ਪੁਜਾਰੀਵਾਦ ਦੀ ਸਰਬੱਤ ਉਚਤਾ ਸਬੰਧੀ ਬੜੀ ਹੀ ਘਟੀਆ ਦਲੀਲ ਦਿੱਤੀ ਹੈ। ਇਸ ਸਰਬ ਕਾਲੀ ਸਿਆਣੇ ਅਤੇ ਵਿਗਿਆਨਕ ਬੁੱਧੀ ਵਾਲੇ ਸੰਪਾਦਕ ਨੂੰ ਕੋਈ ਪੁੱਛੇ ਕਿ ਅਦਾਲਤ ਵਿਚ ਬੰਦਾ ਜਾ ਕੇ ਇਮਾਰਤ ਅੱਗੇ ਪੇਸ਼ ਹੁੰਦਾ ਹੈ, ਸੰਵਿਧਾਨ ਦੀ ਕਾਪੀ ਸਾਹਮਣੇ ਪੇਸ਼ ਹੁੰਦਾ ਹੈ ਜਾਂ ਜੱਜਾਂ ਸਾਹਮਣੇ ਪੇਸ਼ ਹੁੰਦਾ ਹੈ। ਸਮਝ ਤਾਂ ਇਸ ਸੰਪਾਦਕ ਨੂੰ ਵੀ ਸਾਰੀ ਹੈ ਪ੍ਰੰਤੂ ਖਚਰੇ ਭਲੇਮਾਣਸ ਵਾਂਗ ਇਹ ਸੰਪਾਦਕ ਹੋਰਾਂ ਨੇ ਆਪਣੀਆਂ ਪੰਥ ਦੋਖੀ ਕਾਰਵਾਈਆਂ ਲਈ ਦਲੀਲਾਂ ਵੀ ਤਾਂ ਘੜਣੀਆਂ ਹੋਈਆਂ।

ਇਸ ਸੰਪਾਦਕ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਦਸਣਾ ਜ਼ਰੂਰੀ ਹੈ ਕਿ ਪੁਜਾਰੀ ਉਸ ਨੂੰ ਕਹਿੰਦੇ ਹਨ ਜੋ ਕਿਸੇ ਭੌਤਿਕ ਵਸਤੂ ਜਾਂ ਬੁੱਤ ਦੀ ਕਿਸੇ ਖਾਸ ਤਰੀਕੇ ਨਾਲ ਪੂਜਾ ਕਰਦਾ ਹੈ ਅਤੇ ਬਿਪਰਵਾਦ ਇਕ ਵਿਚਾਰਧਾਰਾ ਹੈ ਜਿਸ ਵਿਚ ਕੋਈ ਬੰਦਾ ਆਪਣੇ ਮਤਲਬ ਦੀ ਪ੍ਰਾਪਤੀ ਲਈ ਧਰਮ ਦਾ ਮਖੌਟਾ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਦਾ ਹੈ।ਇਸ ਦਾ ਕਿਸੇ ਨਸਲ, ਧਰਮ, ਜਾਤ ਅਤੇ ਰੰਗ ਨਾਲ ਕੋਈ ਸਬੰਧ ਨਹੀਂ ਹੈ।

ਸਿੱਖ ਧਰਮ ਵਿਚ ਪੁਜਾਰੀ ਕੋਈ ਨਹੀਂ ਹੈ ਅਤੇ ਨਾ ਹੀ ਕੋਈ ਪੁਜਾਰੀਵਾਦ ਹੈ। ਜੇਕਰ ਇਸ ਸੰਪਾਦਕ ਨੂੰ ਸਿੱਖ ਇਤਿਹਾਸ ਅਤੇ ਪ੍ਰੰਪਰਾਵਾਂ ਦੀ ਸਮਝ ਨਹੀਂ ਹੈ ਤਾਂ ਉਸ ਨੂੰ ਬੀਬੇ ਬੱਚਿਆਂ ਵਾਂਗ ਕਿਸੇ ਚੰਗੇ ਪੜ੍ਹੇ ਲਿਖੇ ਇਤਿਹਾਸ ਦੇ ਪ੍ਰੋਫੈਸਰ ਕੋਲੋਂ ਟਿਊਸ਼ਨ ਰੱਖ ਲੈਣੀ ਚਾਹੀਦੀ ਹੈ ਤਾਂ ਜੋ ਉਸ ਨੂੰ ਇਤਿਹਾਸ ਦੇਖਣ ਅਤੇ ਪੜ੍ਹਨ ਦੇ ਮੁਢਲੇ ਗੁਰ ਸਮਝ ਆ ਸਕਣ। ਬਾਕੀ ਜੇਕਰ ਉਸ ਨੇ ਮਿਡਲ ਪਾਸ, ਮੈਟ੍ਰਿਕ ਫੇਲ੍ਹ ਪ੍ਰੋਫੈਸਰਾਂ ਦੀ ਸੰਗਤ ਕਰਨੀ ਹੈ ਤਾਂ ਨਤੀਜੇ ਹਮੇਸ਼ਾ ਅਜਿਹੇ ਹੀ ਹੋਣਗੇ।

ਜਿਸ ਜਿਸ ਨੇ ਵੀ, ਭਾਵੇਂ ਉਹ ਅੰਗਰੇਜ਼ ਇਤਿਹਾਸਕਾਰ ਸਨ ਜਾਂ ਕੋਈ ਹੋਰ, ਸਿੱਖ ਧਰਮ ਦੀਆਂ ਸੰਸਥਾਵਾਂ ਅਤੇ ਪ੍ਰੰਪਰਾਵਾਂ ਨੂੰ ਇਕਲੌਤਰੇ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ ਉਸ ਉਸ ਨੂੰ ਹੀ ਇਨ੍ਹਾਂ ਦਾ ਮਹੱਤਵ ਕਦੇ ਸਮਝ ਨਹੀਂ ਆਇਆ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਖਾਲਸਾ ਪੰਥ ਦੇ ਜਥੇਦਾਰ ਹਨ। ਉਨ੍ਹਾਂ ਨੂੰ ਅਧਿਕਾਰ ਖਾਲਸਾ ਪੰਥ ਦਿੰਦਾ ਹੈ ਅਤੇ ਉਹ ਕਿਸੇ ਵਿਕਾਊ ਸੰਪਾਦਕ ਦੀਆਂ ਸਲਾਹਾਂ ਦੇ ਮੁਥਾਜ ਨਹੀਂ ਹਨ। ਸਿੱਖ ਪ੍ਰੰਪਰਾਵਾਂ ਜਾਂ ਸੰਸਥਾਵਾਂ ਦੀ ਸਮਝ ਇਸ ਸੰਪਾਦਕ ਨੂੰ ਤਾਂ ਕਦੇ ਵੀ ਨਹੀਂ ਆ ਸਕਦੀ ਕਿਉਂਕਿ ਜਿਸ ਬੰਦੇ ਨੂੰ ਗੁਰੂ ਨਾਨਕ, ਬਾਬਾ ਨਾਨਕ ਨਜ਼ਰ ਆਉਦਾ **ਹੈ** ਉਸ ਦੀ ਬੁੱਧੀ ਅਜੇ ਮੁਢਲੇ ਪੜਾਅ 'ਤੇ ਹੁੰਦੀ ਹੈ। ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਦੋਂ ਇਹ ਸੰਪਾਦਕ ਬਾਬੇ ਨਾਨਕ ਨੂੰ ਮਨ ਕਰਕੇ ਗੁਰੂ ਨਾਨਕ ਸਮਝਣਾ ਸ਼ੁਰੂ ਕਰ ਦੇਵੇਗਾ ਤਾਂ ਸਿੱਖੀ ਸਬੰਧੀ ਇਸਦੀਆਂ ਦਿਮਾਗੀ ਸਮੱਸਿਆਵਾਂ ਵੀ ਆਪੇ ਦੂਰ ਹੋ ਜਾਣਗੀਆਂ।